# ਦਫਤਰ ਪ੍ਰਸ਼ਾਸ਼ਕ (ਆਰ. ਐਂਡ. ਆਰ)-ਕੰਮ-ਅਡੀਸਨਲ ਡਿਪਟੀ ਕਮਿਸ਼ਨਰ (ਜਨਰਲ) ਐਸ.ਏ.ਐਸ.ਨਗਰ

ਵਿਸ਼ਾ:- ਐਸ.ਏ.ਐਸ. ਨਗਰ ਦੇ ਵਪਾਰਕ ਬੁਨਿਆਦੀ ਢਾਂਚੇ ਦੀ ਸਥਾਪਨਾ ਲਈ ਵਪਾਰਕ ਬੁਨਿਆਦੀ ਢਾਂਚਾ ਸੈਕਟਰ-87 ਪਿੰਡ ਮਾਣਕ ਮਾਜਰਾ, ਨਾਨੂੰ ਮਾਜਰਾ, ਸੋਹਾਣਾ, ਸੰਭਾਲਕੀ ਦੀ ਭੋਂ ਪ੍ਰਾਪਤ ਕਰਨ ਸਬੰਧੀ- ਪ੍ਰਭਾਵਿਤ ਪਰਿਵਾਰਾਂ ਲਈ ਮੁੜ ਵਸਾਊ ਅਤੇ ਮੁੜ ਸਥਾਪਤੀ ਸਕੀਮ।

0.1 **ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ**

ਇਹ ਸਕੀਮ ਐਸ.ਏ.ਐਸ ਨਗਰ ਦੇ ਸੈਕਟਰ 87 ਵਿੱਚੋ ਪ੍ਰਵਾਨਿਤ ਮਾਸਟਰ ਪਲੈਨ ਅਨੁਸਾਰ ਬੁਨਿਆਦੀ ਢਾਂਚੇ ਲਈ ਰਖਾਈ ਹੈ। ਜਿਸ ਦੀ ਭੋ ਪ੍ਰਾਪਤੀ ਕਰਨ ਦੀ ਤਜਵੀਜ ਹੈ ਅਤੇ ਇਹ ਸਕੀਮ ਪਿੰਡ ਮਾਣਕ ਮਾਜਰਾ, ਨਾਨੂੰ ਮਾਜਰਾ, ਸੋਹਾਣਾ ਅਤੇ ਸੰਭਾਲਕੀ ਵਿੱਚੋ ਪੈਂਦੀ ਹੈ। ਜਿਸ ਦਾ ਕੁੱਲ ਰਕਬਾ 202.53750 ਏਕੜ ਹੈ ।

0.2 **ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ:**

ਇਹ ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ RFCTLARR Act, 2013 ਦੀ ਧਾਰਾ 16 ਵਿੱਚ ਕੀਤੇ ਉਪਬੰਧਾ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਇਸ ਸਕੀਮ ਨੂੰ ਤਿਆਰ ਕਰਨ ਲਈ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ:-

ੳ) **ਮਰੱਦਮ ਸੁਮਾਰੀ ਸਰਵੇਖਣ(Census Survey):** ਮਰੱਦਮ ਸੁਮਾਰੀ ਸਰਵੇ ਸਾਲ 2014 ਦੋਰਾਨ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (alignment) ਅਤੇ ਜਮੀਨ ਦੇ ਸਮੁੱਚੇ ਸਰਵੇਖਣ ਕੀਤਾ ਗਿਆ। ਪਰ ਸਰਵੇਖਣ ਤੋਂ ਪਹਿਲਾਂ ਐਕਟ ਅਨੁਸਾਰ ਜੋ ਸੂਚਨਾ ਪ੍ਰਭਾਵਿਤ ਪਰਿਵਾਰਾਂ ਪਾਸੋਂ ਹਾਸਲ ਕੀਤੀ ਜਾਣੀ ਸੀ ਲਈ ਪ੍ਰਫਾਰਮੇ ਸਰਪੰਚਾਂ ਰਾਹੀਂ ਵੰਡੇ ਗਏ ਹਨ ਤਾਂ ਜੋ ਸਾਰੀ ਜਾਣਕਾਰੀ ਸਾਹਮਣੇ ਆ ਸਕੇ। ਇਹ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ:-

ਅ) **ਜਮੀਨ ਦੇ ਮਾਲਕ ਨਾਲ ਵਿਚਾਰ ਵਟਾਦਾਰ ਅਤੇ ਜਨਤਕ ਸੁਣਵਾਈ:**

ਜਦੋ ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ ਕੀਤੀ ਗਈ ਤਾ ਬਹੁਤ ਸਾਰੇ ਮੁੱਦੇ ਜਿਨ੍ਹਾ ਨੂੰ ਧਿਆਨ ਵਿੱਚ ਰਖਿਆ ਗਿਆ।ਕੁੱਝ ਮੁੱਦੇ ਪਿੰਡ ਦੇ ਪਧੱਰ ਤੇ ਅਤੇ ਕੁੱਝ ਮੁੱਦੇ ਨਿਜੀ ਤੋਰ ਤੇ ਵਿਚਾਰੇ ਗਏ। ਪ੍ਰਸਤਾਵਿਤ ਪ੍ਰੋਜੈਕਟ ਦੀ ਭੋ ਪ੍ਰਾਪਤੀ ਦੇ ਹੱਕ ਵਿੱਚ ਲੋਕਾ ਵੱਲੋ ਹੁੰਗਾਰਾ ਭਰਿਆ ਗਿਆ। ਉਲੀਕੀ ਗਈ ਯੋਜਨਾ ਸਬੰਧੀ ਮਰਦੱਮ ਸੁਮਾਰੀ(Census Survey)ਦੇ ਨਿਸਕਰਸਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

Scanned with OKEN Scanner

| ਲੜੀ ਨੰ. | ਵਸਤੂਆ ਦਾ ਵੇਰਵਾ | ਪ੍ਰਭਾਵ | ਆਰ.ਐਡ.ਆਰ ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1. | ਅਚਲ ਸੰਪਤੀ ਦੇ ਵੇਰਵੇ:-<br>1) ਮਕਾਨ ਅਤੇ ਡੇਇਰੀ ਫਾਰਮ<br>2) ਫਲਦਾਰ ਅਤੇ ਗੈਰ ਫਲਦਾਰ ਦਰਖੱਤ | ਭੋ ਪ੍ਰਾਪਤ ਕਰਨ ਦੀ ਸੂਰਤ ਵਿੱਚ ਇਨ੍ਹਾ ਸੰਪਤੀਆ ਦੇ ਖੁੱਸ ਜਾਣ ਨਾਲ ਲੋਕਾਂ ਦੀ ਜੀਵਨ ਸੈਲੀ ਦਾ ਕੋਈ ਖਾਸ ਪ੍ਰਵਾਨ ਨਹੀ ਪਵੇਗਾ | ਮਕਾਨ, ਡਾਇਰੀ ਫਾਰਮ, ਫਲਦਾਰ ਅਤੇ ਗੈਰ ਫਲਦਾਰ ਤਰੱਖਤਾ ਦਾ ਮੁਆਵਜਾ ਸਬੰਧਤ ਵਿਭਾਗ ਵੱਲੋ ਕੀਤੀ ਅਸੈਸਮੇਟ ਅਨੁਸਾਰ ਦਿੱਤਾ ਜਾਵੇਗਾ। |
| 2. | ਜਮੀਨ ਦੇ ਖੁੱਸ ਜਾਣ ਨਾਲ ਰੋਜੀ ਰੋਟੀ ਦੇ ਸਾਧਨਾਂ ਦਾ ਖੁਸ ਜਾਣਾ | ਭੋ ਦੇ ਖੁਸਣ ਨਾਲ ਰੋਜੀ ਰੋਟੀ ਦੇ ਸਥਾਨ ਪ੍ਰਭਾਵਿਟ ਹੋਣਗੇ | ਭੋ ਮਾਲਕਾਂ ਦੀ ਭੌਂ ਪ੍ਰਾਪਤ ਕਰਨ ਦੀ ਸੂਰਤ ਵਿੱਚ ਹਰ ਪ੍ਰਭਾਵਤ ਭੌਂ ਮਾਲਕ ਦੇ ਪਰਿਵਾਰ ਨੂੰ 5 ਲੱਖ ਰੁੱਪਏ ਆਰ ਐਡ ਆਰ ਵਜੋ ਮਦਦ ਦਿੱਤੀ ਜਾਵੇਗੀ। |
| 3. | ਬੇਜਮੀਨ ਲੋਕ ਜਿਹਨਾ ਦੀ ਰੋਜੀ ਰੋਟੀ ਦਾ ਮੁੜਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀ | ਕੋਈ ਨਹੀ |
| 4. | ਜਨਤਕ ਸਾਥਨਾ/ਸਰਕਾਰੀ ਇਮਾਰਤਾ ਦੀ ਗਿਣਤੀ | ਸਿਧੇ ਤੋਰ ਤੇ ਕੋਈ ਨਹੀ | -- |
| 5. | ਸਾਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ | ਅਜਿਹੀ ਭੋ ਪ੍ਰਾਪਤ ਕਰਨ ਦੀ ਸੂਰਤ ਬਣਦਾ ਮੁਆਵਜਾ ਸਬੰਧਤਾ ਨੂੰ ਜਾ ਸਬੰਧਤ ਵਿਭਾਗ ਨੂੰ ਦਿਤਾ ਜਾਵੇਗਾ |
| 6. | ਭੋ ਪ੍ਰਾਪਤੀ ਤੇ ਬਾਅਦ ਜਿਸ ਖਸਰਾ ਨੰਬਰ ਦਾ ਕੁੱਝ ਹਿੱਸਾ ਦਾ ਬੱਚ ਜਾਣ ਕਰਕੇ ਭੋ ਦੇ ਆਸੇ ਪਾਸੇ ਬੱਚੇ ਦੋ ਫਾੜ ਟੁਕੜੀਆਂ ਵਾਲੀ ਜਮੀਨ | -- | ਪਲੈਨਿੰਗ ਅਨੁਸਾਰ ਹੀ ਮੋਜੂਦਾ ਭੋ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਭੋ ਦਾ ਟੁਕੜਾ ਬੱਚ ਜਾਵੇਗਾ ਤਾ ਉਸ ਬਾਰੇ ਅੱਗੇ ਹੋਣ ਵਾਲੀ ਐਕੋਜਿਸਨ ਵਿੱਚ ਵਿੱਚਾਰ ਕੀਤਾ ਜਾ ਸਕਦਾ ਹੈ। |

ਪ੍ਰਸ਼ਾਸ਼ਕ (ਆਰ.ਐਡ.ਆਰ)-ਕਮ-
ਵਧੀਕ ਡਿਪਟੀ ਕਮਿਸ਼ਨਰ (ਜਨਰਲ),
ਐਸ.ਏ.ਐਸ ਨਗਰ, ਮੋਹਾਲੀ।

Scanned with OKEN Scanner